# Discourse with the Art of Dr. Sidharth
# (ਡਾ. ਸਿਧਾਰਥ ਦੀ ਕਲਾ ਨਾਲ ਪ੍ਰਵਚਨ)

***- Dr. Akal Amrit Kaur,***
Associate Professor and Head,
Lyallpur Khalsa college for Women,
Jalandhar (Punjab)
Email : akalamrit@gmail.com

ਲੇਖਕ, ਚਿੰਤਕ, ਫਿਲਮਮੇਕਰ, sculptor ਤੇ ਇਕ ਪੇਂਟਰ। ਸਿਧਾਰਥ ਅਜਿਹੇ ਬਹੁਦਿਸ਼ਾਵੀ, ਬਹੁਵਿਧਾਵੀ mystic Artist ਹਨ, ਜਿਹਨਾਂ ਦੀ ਕਲਾ ਨੂੰ ਸਮਝਣ ਲਈ ਬਣੀਆਂ ਬਣਾਈਆਂ ਕਲਾ ਅਧਿਐਨ ਵਿਧੀਆਂ, ਤੋਂ ਪਾਰ ਜਾਣਾ ਪੈਂਦਾ ਹੈ, ਉਹਨਾਂ ਦੀ ਕਲਾ ਨੂੰ ਸਮਝਣ—ਸਮਝਾਉਣ ਲਈ ਨਿਰਧਾਰਿਤ ਮਾਪਦੰਡਾਂ, ਮਾਨਤਾਵਾਂ, ਧਾਰਨਾਵਾਂ ਨੂੰ ਉਲੰਘ ਕੇ ਇਕ ਵੱਖਰਾ ਦ੍ਰਿਸ਼ਟੀਕੋਣ ਅਪਨਾਉਣਾ ਪੈਂਦਾ ਹੈ। ਉਹ ਖ਼ੁਦ ਵੀ ਆਪਣੀ ਕਲਾ ਨੂੰ ਕਿਸੇ ਇਕ ਰੂਪ (form), ਵਿਧਾ (genre) ਜਾਂ ਅਨੁਸ਼ਾਸਨ (discipline) ਦੇ ਬੰਦ ਬਕਸੇ ਵਿਚ ਕੈਦ ਨਹੀਂ ਕਰਦੇ ਸਗੋਂ ਉਹ ਤਾਂ ਕਲਾ ਨੂੰ ਬਸ ਵਾਪਰ ਜਾਣ ਦਿੰਦੇ ਹਨ। ਕਿਸੇ ਖ਼ੂਬਸੂਰਤ ਕੁਦਰਤੀ ਵਰਤਾਰੇ ਦੀ ਤਰ੍ਹਾਂ ਤੇ ਫਿਰ ਉਸਦੇ ਵਿਸਮਾਦ ਵਿਚ ਰਹਿੰਦੇ ਹਨ। ਉਹ ਦੱਸਦੇ ਹਨ, “In the morning, the first thing I do is come to the studio, pick up my brush and pray to the unknown that I want to see something. This universe is so kind that it shows me something beautiful, and sometimes not so beautiful things as well. I cannot say yes or no to them. It is work done through me, and not what I have done. I cannot take that responsibility." According to him the universe speaks to him when he creates Art in a state of zen. The art he creates is channelled through him by the universe, translating into expensive works of delicate beauty, vivid colours, myriad meanings. ਗੱਲਬਾਤ ਦੌਰਾਨ ਉਹਨਾਂ ਸਾਂਝਾ ਕੀਤਾ ਕਿ, "I do not remember a day when I was not painting. Since my childhood, I have seen my mother paint on walls, bowls and small knick-knacks, working with all the natural pigments she could source in our village. She was also an expert in making vegetable dyes, creating yellow from the babool or acacia tree's flowers, red from acacia bark, brown and black from pomegranate bark, green from the neem trees, ochres from yellow and red earth, and more. I saw her

paining with minimal equipment, like even brushes she made with cotton and cloth. She made motifs like trees, leaves, birds, dogs much like folk art. She was known as an artist in our village. People called her 'Ranga Vali Maai'. She would sing songs for every colour. I could hear her crooning to the trees, earth colours and even the motifs she painted." ਗੱਲਬਾਤ ਦੌਰਾਨ ਉਹਨਾਂ ਸਾਂਝਾ ਕਮਾਂ ਕੋਲੋਂ ਮਿਲੀ ਰੰਗਾਂ ਦੀ ਵਿਰਾਸਤ ਨੂੰ ਸਿਧਾਰਥ ਨੇ ਆਪਣੀ ਕਲਾ ਯਾਤਰਾ ਰਾਹੀਂ ਵੱਡੇ ਪੱਧਰ 'ਤੇ ਵਿਸਥਾਰਿਆ। ਉਹਨਾਂ ਆਪਣੇ ਰੰਗ ਖੁਦ ਖੋਜੇ, ਬਣਾਏ ਤੇ ਇਹਨਾਂ pigments ਨਾਲ ਬਹੁਮੁਲੀਆਂ ਪੇਂਟਿੰਗਜ਼ ਕੀਤੀਆਂ। Vegetable dyes, animal extracts ਤੇ minerals ਨੂੰ ਦੂਸਰੇ ਪਦਾਰਥਾਂ ਨਾਲ ਮਿਲਾ ਕੇ ਛੇ ਸੌ ਤੋਂ ਵਧੇਰੇ ਰੰਗ ਬਣਾਏ। ਉਹ ਵਿਸ਼ਵ ਦੇ ਜਿਹੜੇ ਵੀ ਖੇਤਰ ਵਿਚ ਗਏ, ਉਥੋਂ ਦੀਆਂ ਮਿੱਟੀਆਂ ਰਾਹੀਂ ਵੀ ਰੰਗ ਬਣਾਏ। ਇਸੇ ਲਈ ਆਖਦੇ ਹਨ, "I work like a scientist and my studio it is quite like a chemical lab."

ਪਿੰਡ ਬੱਸੀਆਂ, ਰਾਏਕੋਟ (ਲੁਧਿਆਣਾ ਨੇੜੇ ਸਥਿਤ), ਪੰਜਾਬ ਵਿਚ ਬਿਤਾਏ ਬਚਪਨ ਤੇ ਪਰਿਵਾਰਕ ਯਾਦਾਂ ਅੱਜ ਵੀ ਸਿਧਾਰਥ ਦੀ ਕਲਾ ਦੀ ਪਿੱਠਭੂਮੀ ਵਿਚ ਕਾਰਜਸ਼ੀਲ ਰਹਿੰਦੀਆਂ ਹਨ। ਪਿਤਾ ਵੱਲੋਂ ਸਾਰਾ ਦਿਨ ਗਾਈ ਜਾਂਦੀ ਗੁਰਬਾਣੀ, ਮਾਂ ਵੱਲੋਂ ਖ਼ੂਬਸੂਰਤ ਮੋਟਿਫ਼ ਚਿਤਰਦਿਆਂ ਗਾਏ ਜਾਣ ਵਾਲੇ ਗੀਤ ਹੁਣ ਵੀ ਉਹਨਾਂ ਦੀ ਕਲਾ ਸਿਰਜਨ ਪ੍ਰਕਿਰਿਆ ਦੇ ਸੰਗ ਮਹਿਸੂਸ ਹੁੰਦੇ ਹਨ। ਸਿੱਖ ਗੁਰੂ ਸਾਹਿਬਾਨ, ਭਗਤਾਂ, ਸੂਫ਼ੀਆਂ, ਫਕੀਰਾਂ ਦੀਆਂ ਰਚਨਾਵਾਂ ਉਹ ਅਕਸਰ ਆਪਣੇ ਭਾਵਪੂਰਤ ਸੰਗੀਤਕ ਅੰਦਾਜ਼ ਵਿਚ ਗਾਉਂਦੇ ਹਨ। ਉਹ ਆਖਦੇ ਹਨ, "My father was a singer, too, of Gurbani. This was my childhood, when from 4 a.m. to 8 a.m., I would listen to Gurbani Kirtan. So my cultural background is very Sikh, very warrior, very musical, very creative. My proper artistic journey began at the age of 14." ਉਹਨਾਂ ਦੇ ਆਪਣੀ ਮਾਂ ਨੂੰ ਆਪਣਾ ਕਲਾ ਗੁਰੂ ਮੰਨਦਿਆਂ, ਪਿੰਡ ਦੇ Fresco painter Tara Mistry ਨਾਲ ਅਸਿਸਟੈਂਟ ਵਜੋਂ ਕੰਮ ਕਰਦਿਆਂ ਛੋਟੀ ਉਮਰ ਵਿਚ ਹੀ ਸਿਖਲਾਈ ਪ੍ਰਾਪਤ ਕਰ ਲਈ। With him he learnt the enthralling art of fresco painting, making of vegetable dyes and use of all earth colours. ਫਿਰ ਉਹ ਪੰਜਬ ਦੇ ਮਸ਼ਹੂਰ ਪੇਂਟਰ ਸੋਭਾ ਸਿੰਘ ਕੋਲੋਂ ਪੇਂਟਿੰਗ ਸਿੱਖਣ ਲਈ ਪਹੁੰਚ ਗਏ, ਜਿਨ੍ਹਾਂ ਦੇ ਉਸ ਸਮੇਂ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਦੀਆਂ ਪੋਰਟਰੇਟ ਪੇਂਟਿੰਗਜ਼ ਕਾਫ਼ੀ ਪ੍ਰਚਲਿਤ ਹੋ ਚੁੱਕੀਆਂ ਸਨ। ਇੱਥੋਂ ਉਹਨਾਂ ਨੇ oil colours ਤੇ water colours ਦੀ ਵਰਤੋਂ ਕਰਨ ਦੀ ਕੁੱਝ ਸਿਖਲਾਈ ਪ੍ਰਾਪਤ ਕੀਤੀ। ਫਿਰ ਉਹ ਧਰਮਸ਼ਾਲਾ ਦੇ ਲਾਮਾ ਡੋਰਜੀ ਨੂੰ ਮਿਲੇ ਤੇ ਮੈਕਲੋਡਗੰਜ ਪਹੁੰਚਣ ਦੇ ਪਲਾਂ ਨੂੰ ਬਿਆਨਦੇ ਉਹ ਦੱਸਦੇ ਹਨ,

"It was here for the very first time that I saw the Buddha, a huge statue of him in gold, smiling with closed eyes. And I just sat there and felt like I had reached home, with my father singing Gurbani, even as the monks began meditation with instruments like chimes, drums and more. It pierced my heart and I felt in that moment how much I loved Buddha, and that this was my place, where I would stay. I hide in the woods nearby, refusing to go back. I approached the Lama, my Guru, and told him I wanted to learn Thangka painting.

ਉਹ ਮੁਸਕੁਰਾਇਆ ਤੇ ਉਸਨੂੰ ਅਗਲੇ ਦਿਨ ਆਉਣ ਲਈ ਕਿਹਾ। ਤੇ ਇੱਥੋਂ ਹੀ ਸਿਧਾਰਥ ਦੀ ਅਧਿਆਤਮਕ ਤੇ ਕਲਾਤਮਕ ਯਾਤਰਾ ਦਾ ਅਗਲਾ ਅਧਿਆਇ ਸ਼ੁਰੂ ਹੋਇਆ। ਇੱਥੋਂ ਪ੍ਰਾਪਤ ਰੂਹਾਨੀ ਅਨੁਭਵਾਂ ਦੀ visual interpretation ਉਹਨਾਂ ਦੀ ਕਲਾ ਵਿੱਚੋਂ ਹੁੰਦੀ ਦੇਖੀ ਜਾ ਸਕਦੀ ਹੈ। ਉਪਰੰਤ ਸਿਧਾਰਥ ਸਮੇਂ ਸਮੇਂ 'ਤੇ ਸੰਸਾਰ ਦੇ ਵੱਖਰੇ ਵੱਖਰੇ ਭਾਗਾਂ ਦੀਆਂ ਯਾਤਰਾਵਾਂ ਵੀ ਕਰਦੇ ਹਨ ਤੇ ਕਲਾ ਦੀਆਂ ਵੰਨ—ਸੁਵੰਨੀਆਂ ਵਿਧੀਆਂ ਵੀ ਸਿੱਖਦੇ ਤੇ ਰੂਪਾਂਤਰਿਤ ਕਰਦੇ ਹਨ। ਮਿਸਾਲ ਵਜੋਂ glass blowing in Sweden, techniques of Madhubani painting, Kashmir papier-mache crafts and other South Asian and oriental techniques from master craftsmen. ਕਾਲਜ ਆਫ਼ ਆਰਟ, ਚੰਡੀਗੜ੍ਹ ਤੋਂ ਰਸਮੀ ਸਿੱਖਿਆ ਦੌਰਾਨ ਉਹਨਾਂ ਆਰਟ ਦੇ ਆਧੁਨਿਕ (modern) ਤੇ ਸਮਕਾਲੀ ਤਰੀਕਿਆਂ ਦਾ ਗਿਆਨ ਹਾਸਿਲ ਕੀਤਾ।

ਦਿੱਲੀ ਉਹ ਪਹਿਲਾ ਸਥਾਨ ਬਣਿਆ ਜਿੱਥੇ ਸਿਧਾਰਥ ਨੇ ਕਲਾ ਦੇ ਖੇਤਰ ਵਿਚ ਆਪਣੀ ਵਿਲੱਖਣ ਪਹਿਚਾਣ ਸਥਾਪਿਤ ਕੀਤਾ। ਵਿਖਿਆਤ ਭਾਰਤੀ ਕਲਾਕਾਰਾਂ ਮਨਜੀਤ ਬਾਵਾ, ਜੇ ਸਵਾਮੀਨਾਥਨ, ਕ੍ਰਿਸ਼ਨ ਖੰਨਾ, ਗੋਗੀ ਸਰੋਜ ਪਾਲ, ਪਰਮਜੀਤ ਸਿੰਘ ਆਦਿ ਨੇ ਉਹਨਾਂ ਦੇ ਕੰਮ ਦੀ ਸ਼ਲਾਘਾ ਕੀਤੀ। ਇੱਥੇ ਹੀ ਉਹਨਾਂ ਦੀ ਕਲਾ ਪ੍ਰਦਰਸ਼ਨੀ ਨੇ ਕਲਾ ਚਿੰਤਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਇਸ ਕਲਾ ਪ੍ਰਦਰਸ਼ਨੀ ਸੰਬੰਧੀ ਆਪਣਾ ਅਨੁਭਵ ਸਾਂਝਾ ਕਰਦਿਆਂ ਉਹ ਦੱਸਦੇ ਹਨ, "Overnight it was sold out for the first time in history. I was showing my hopscotch series, the game that children play drawing rectangles on the floor. I had envisioned it as a game of life and death while painting my canvases. I made at least 125 works and some 25 were on show and they all got sold. ਤੇ ਅਗਲੇ ਦਿਨ ਮੈਨੂੰ ਉਹਨਾਂ ਨੂੰ ਹੋਰ 25 ਆਰਟ ਵਰਕਜ਼ ਰਾਤੋ ਰਾਤ ਫਰੇਮ ਕਰਵਾ ਕੇ ਦੇਣੇ ਪਏ ਜੋ ਕਿ ਫਿਰ ਅਗਲੇ ਦਿਨ ਸਾਰੇ ਵਿਕ ਗਏ। ਇਸ ਉਪਰੰਤ ਹੁਣ ਤੰਕ ਉਹਨਾਂ ਦੀ ਕਲਾ ਯਾਤਰਾ 'ਤੇ ਧਿਆਨ ਕੇਂਦਰਿਤ ਕਰੀਏ ਤਾਂ He has held twenty seven solo

shows and has participated in a four hundred thirty five group shows and international art fairs in India, UK, Sweden, USA, Singapore and Hong Kong since 1976. He is also a recipient of various awards for his works in the field of art and literature like D.Litt. from Punjabi University Patiala, Punjab and awards for painting from Punjab Lalit Kala Akademi, Himachal and Bharat Bhawan, Pracheen Kala Kendra, Chandigarh, etc.

His works have been acquired by the Indian Government Museum, the British council in Delhi, the Punjab Lali Akademi; the British, Mexican and Swedish Ambassadors; the Dusseldorf Museum; Heda, Sweden and several industrial groups in India and abroad.

ਸਿਧਾਰਥ ਇਕ ਚਿਤਰਕਾਰ ਦੇ ਤੌਰ 'ਤੇ ਖੋਜੀ (Researcher), ਵਿਗਿਆਨਕ ਬਿਰਤੀ ਦੇ ਧਾਰਨੀ ਹਨ। ਉਹ ਇਕ ਵਿਸ਼ਾ ਲੈ ਕੇ ਜਦੋਂ ਉਸ ਉੱਪਰ ਕੰਮ ਕਰਦੇ ਹਨ ਤਾਂ ਆਪਣੇ ਇਸੇ ਨਜ਼ਰੀਏ ਕਾਰਨ ਉਸ ਬਾਰੇ ਗੰਭੀਰ, ਚਿੰਤਨੀ ਕਲਾਤਮਕ ਵਿਆਖਿਆਵਾਂ ਪ੍ਰਸਤੁਤ ਕਰਦੇ ਹਨ। ਉਹਨਾਂ ਦਾ ਕੰਮ ਕਰਨ ਦਾ ਆਪਣਾ ਵਿਲੱਖਣ ਤਰੀਕਾ ਹੈ। ਇਸ ਦੀ ਪ੍ਰਤੱਖ ਮਿਸਾਲ ਉਹਨਾਂ ਵੱਲੋਂ ਕੀਤੀ ਗਈ ਗੰਗਾ ਸੀਰੀਜ਼ ਹੈ। ਉਹਨਾਂ ਨੇ ਇਸ ਪ੍ਰੋਜੈਕਟ ਉੱਪਰ ਲਗਾਤਾਰ 2012 ਈ. ਤੋਂ 2019 ਈ. ਤੱਕ ਕੰਮ ਕੀਤਾ। ਪਹਿਲਾਂ ਉਹਨਾਂ ਨੇ ਪੈਦਲ, ਬੇੜੀਆਂ, ਕਾਰਾਂ ਤੇ ਇੱਥੋਂ ਤੱਕ ਕਿ ਹੈਲੀਕਾਪਟਰ ਦੇ ਮਾਧਿਅਮ ਰਾਹੀਂ ਗੰਗਾ ਦੇ ਪੂਰੇ ਇਲਾਕੇ ਦਾ ਸਰਵੇਖਣ ਕੀਤਾ। ਇਸਦੇ ਦਸਤਾਵੇਜ਼ੀਕਰਨ ਲਈ ਲਗਭਗ 10ਓਨ ਦੇ ਕਰੀਬ ਡਾਟਾ ਵੀਡੀਓ ਸ਼ੂਟਿੰਗ ਤੇ ਸਟਿੱਲ ਫੋਟੋਗਰਾਫੀ ਰਾਹੀਂ ਇਕੱਤਰ ਕੀਤਾ। ਉਹਨਾਂ ਦੇ ਫਗਕਮ ਵਿਚ ਲਗਭਗ 60 ਵਿਅਕਤੀਆਂ ਨੇ ਕੰਮ ਕੀਤਾ। ਇਸ ਪੂਰੀ ਯਾਤਰਾ ਸੰਬੰਧੀ ਉਹਨਾਂ ਨੇ 400 ਪੰਨਿਆਂ ਦੀ ਪੁਸਤਕ 'The Ganga: Tribal to Cyber' ਵੀ ਲਿਖੀ। ਗੰਗਾ ਦੇ 2600 ਕਿਲੋਮੀਟਰ ਨੂੰ ਦਰਸਾਉਂਦੀਆਂ ਕੁੱਲ 2600 ਇੰਚ ਲੰਬਾਈ ਦੀਆਂ 60 ਵੱਡੇ ਆਕਾਰ ਦੀਆਂ ਪੇਂਟਿੰਗਜ਼ ਬਣਾਈਆਂ। ਇਹਨਾਂ ਦੇ ਆਕਾਰ 6x24, 6x18, 6x16, 6x12, 4x10 ਫੁੱਟ ਆਦਿ ਰਹੇ। ਉਹਨਾਂ ਨੇ 300 ਵੱਡੇ ਸਾਈਜ਼ ਦੀਆਂ ਫ੍ਰੀ ਹੈਂਡ ਡਰਾਇੰਗਜ਼ ਬਣਾਈਆਂ। ਇੱਥੇ ਹੀ ਬੱਸ ਨਹੀਂ ਇਕ ਸਾਇੰਸਦਾਨ ਦੀ ਤਰ੍ਹਾਂ ਗੰਗਾ ਦੇ ਪਾਣੀ ਸੰਬੰਧੀ ਵਿਭਿੰਨ ਖੋਜਾਂ ਕਰਵਾਉਂਦਿਆਂ। ਇਸਦੇ PH, TDS, ਮਿਨਰਲਜ਼ ਲੈਵਲ ਦੇ ਹੈਰਾਨੀਜਨਕ ਅੰਕੜੇ ਪੇਸ਼ ਕੀਤੇ, ਜਿਸ ਕਾਰਨ ਇਹ ਪਾਣੀ ਸੰਸਾਰ ਦੇ ਬਿਹਰਤਰੀਨ ਪਾਣੀਆਂ ਵਿਚੋਂ ਇਕ ਸਾਬਿਤ ਹੁੰਦਾ ਹੈ। ਇੱਥੋਂ ਤੱਕ ਕਿ ਗਰਭਵਤੀ ਔਰਤ ਦੇ ਪੇਟ ਵਿਚਲੇ ਪਾਣੀ ਦੀਆਂ ਵਿਸ਼ੇਸ਼ਤਾਵਾਂ ਨੂੰ ਵੀ ਇਸ ਪਾਣੀ ਨਾਲ ਤੁਲਨਾਤਮਕ ਅਧਿਐਨ ਰਾਹੀਂ ਖੋਜਿਆ। ਦੋਹਾਂ ਪਾਣੀਆਂ ਵਿਚ ਸਮਾਨ ਗੁਣਾਂ ਦੇ ਅੰਕੜੇ ਪ੍ਰਸਤੁਤ ਕੀਤੇ। ਗੰਗਾ ਸੀਰੀਜ਼ ਬਾਰੇ ਉਹ ਕਹਿੰਦੇ ਹਨ, "I work that way as well, but also incorporate my spontaneity

into it, via metaphors, storytelling, myth, contemporary knowledge about the river and pollution about it, poetry and art, economy, society." ਇਸ ਦੌਰਾਨ ਉਹਨਾਂ ਨੇ ਪਾਣੀ ਦੀ ਸ਼ੁੱਧਤਾ ਦੇ ਮਹੱਤਵ ਨੂੰ ਵੀ ਉਜਾਗਰ ਕੀਤਾ, "ਸਰੀਰ ਪਾਣੀ ਦਾ ਹੈ, ਸ਼ੁੱਧ ਪਾਣੀ ਪੀਵਾਂਗੇ ਤਾਂ ਸਰੀਰ ਸ਼ੁੱਧ ਹੋਵੇਗਾ, ਸ਼ਰੀਰ ਸ਼ੁੱਧ ਹੋਵੇਗਾ ਤਾਂ ਮਨ ਸ਼ੁੱਧ ਹੋਵੇਗਾ, ਮਨ ਸ਼ੁੱਧ ਹੋਵੇਗਾ ਤਾਂ ਵਿਚਾਰ ਸ਼ੁੱਧ ਹੋਵੇਗਾ, ਵਿਚਾਰ ਸ਼ੁੱਧ ਹੋਵੇਗਾ ਤਾਂ ਧਰਮ ਸ਼ੁੱਧ ਹੋਵੇਗਾ, ਸ਼ੁੱਧ ਹੋਵੇਗਾ ਧਰਮ ਤਾਂ ਇਹ ਸੰਸਾਰ ਸੁੱਖ ਸਾਗਰ ਹੋਵੇਗਾ ਹੀ।"

ਸਿਧਾਰਥ ਦੀ ਕਲਾ। ਬਹੁਭਾਸ਼ਾਈ, ਬਹੁਸਭਿਆਚਾਰਕ, ਬਹੁਅਨੁਸ਼ਾਸਨੀ, ਬਹੁਦਿਸ਼ਾਵੀ, ਬਹੁਅਰਥੀ ਹੈ ਜੋ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਉੱਤੇ ਕਲਾ ਨੂੰ ਨਿਰੰਤਰ ਨਵੇ ਆਯਾਮ ਪ੍ਰਦਾਨ ਕਰ ਰਹੀ ਹੈ।



(Pic : Dr. Akal Amrit Kaur)

ਸਿਧਾਰਥ ਜੀ ਨੇ 'The Decorated Cow' ਸੀਰੀਜ਼ ਵਿਚ ਪੇਂਟਿੰਗਜ਼, ਡਰਾਇੰਗਜ਼ ਤੇ ਸਕਲਪਚਰ ਬਣਾਏ। ਇਸ ਸੀਰੀਜ਼ ਵਿਚ ਉਹਨਾਂ ਨੇ ਮਨੁੱਖ ਤੇ ਗਊ ਵਿਚਾਲੇ ਪਰੰਪਰਾਗਤ ਤੇ ਸਮਕਾਲੀ ਅੰਤਰ—ਸੰਬੰਧ ਨੂੰ ਉਜਾਗਰ ਕੀਤਾ ਹੈ। ਭਾਰਤ ਦੀ ਪਵਿੱਤਰ ਮੰਨੀ ਜਾਣ ਵਾਲੀ ਗਊ ਨਾਲ ਸੰਬੰਧਿਤ ਇਸ ਸੀਰੀਜ਼ ਵਿਚ ਜਿੱਥੇ ਇਕ ਪਾਸੇ ਮਿਥਿਹਾਸਕ, ਇਤਿਹਾਸਕ ਤੇ ਸਮਾਜਿਕ, ਰਾਜਨੀਤਕ ਸੰਦਰਭ ਨੂੰ ਉਜਾਗਰ ਕੀਤਾ ਗਿਆ ਹੈ, ਜਿਸ ਵਿਚ ਗਊ ਨੂੰ ਸਨਮਾਨਯੋਗ, ਮੋਹ ਭਰਪੂਰ ਤੇ ਮਹੱਤਵਪੂਰਨ ਸਥਾਨ ਹਾਸਿਲ ਸੀ, ਉਥੇ ਦੂਸਰੇ ਪਾਸੇ ਉੱਤਰ—ਆਧੁਨਿਕ ਮਨੁੱਖ ਨੇ ਇਸ ਜਾਨਵਰ ਨੂੰ ਨਾ ਕੇਵਲ ਇਸਦੀ ਪਹਿਲਾਂ ਵਾਲੀ ਸਪੇਸ ਵਿੱਚੋਂ ਬਾਹਰ ਕਰ ਦਿੱਤਾ ਹੈ ਸਗੋਂ ਥਫਗਰਪਖ ਤੇ ਕੁਦਰਤ ਦੇ ਵਰਤਾਰੇ ਜਿਸਨੂੰ ਉਹ ਦਰਸਾਉਂਦੀ ਹੈ, ਤੋਂ ਵੀ ਦੂਰੀ ਬਣਾ ਲਈ ਹੈ, ਗਊ ਹੁਣ ਪਵਿੱਤਰ ਰੀਤੀ ਬਣਕੇ ਰਹਿ ਗਈ ਹੈ। ਇਹ ਹੁਣ ਸਾਡੀ ਸ਼ਹਿਰੀ ਤੇ ਮਾਨਸਿਕ ਲੈਂਡਸਕੇਪ ਵਿਚ ਸੀਮਾ ਉੱਪਰ ਚਲੀ ਗਈ ਹੈ। ਇਸਨੂੰ ਹੁਣ ਸਿਰਫ ਰੀਤੀ ਰਿਵਾਜ਼, ਸਮਾਜਿਕ, ਰਾਜਨੀਤਕ,

ਸਭਿਆਚਾਰਕ ਤੇ ਖਾਧ ਪਦਾਰਥਾਂ 'ਤੇ ਆਧਾਰਿਤ ਵਰਤੋਂ ਦੀ ਵਸਤੂ ਵਜੋਂ ਹੀ ਉਪਯੋਗ ਕੀਤਾ ਜਾਣ ਲੱਗਾ ਹੈ। ਇੰਝ ਸਿਧਾਰਥ ਨੇ ਇਸ ਸੀਰੀਜ਼ ਵਿਚ ਗਊ ਦੇ ਸੰਕਲਪ ਨੂੰ ਪੁਨਰ—ਪਰਿਭਾਸ਼ਿਤ ਕੀਤਾ ਹੈ।



ਆਪਣੀ ਇਸ ਸੀਰੀਜ਼ ਬਾਰੇ ਗੱਲਬਾਤ ਕਰਦਿਆਂ ਉਹਨਾਂ ਨੇ ਮੈਨੂੰ ਕਿਹਾ ਕਿ, "ਮੈਂ ਇਕ ਪਾਸੇ ਗਊ ਦੀਆਂ ਕਥਾਵਾਂ, ਲੋਕ—ਕਥਾਵਾਂ, ਪੌਰਾਣਿਕ ਮਿੱਥਾਂ ਤੇ ਕਥਾਵਾਂ, ਗੁਰੂ ਸਾਹਿਬਾਨ ਨਾਲ ਸੰਬੰਧਿਤ ਸਾਖੀਆਂ ਤੇ ਸਮਾਜਕ—ਆਰਥਿਕ ਤੇ ਮਾਨਸਿਕ ਹਕੀਕਤ ਅਤੇ ਦੂਸਰੇ ਪਾਸੇ ਸਮਾਜ ਵਿਚ ਗਊ ਪ੍ਰਤਿ ਸਮਕਾਲੀ ਸੋਚ ਅਤੇ ਸਥਿਤੀ ਵਿਚਕਾਰ ਸੰਬੰਧ ਬਣਾਇਆ ਹੈ।@ ਉਹ ਆਖਦੇ ਹਨ, "ਗਊ ਮਨੁੱਖੀ ਸੋਚ ਦਾ ਪ੍ਰਤੀਕ ਹੈ, ਗਊ ਮਨੁੱਖੀ ਮਾਨਸਕਿਤਾ ਦਾ ਪ੍ਰਤੀਕ ਹੈ, ਗਊ ਧਰਤੀ ਹੈ, ਮਾਂ ਧਰਤੀ। ਗਊ ਨਾਲ ਸਾਡਾ ਵਿਵਹਾਰ ਦਰਸਾਉਂਦਾ ਹੈ ਕਿ ਅਸੀਂ ਧਰਤੀ ਮਾਂ ਨਾਲ ਕੀ ਕਰ ਰਹੇ ਹਾਂ? ਅਸੀਂ ਕੂੜੇ ਦੇ ਢੇਰ ਬਣਾ ਦਿੱਤੇ ਹਨ। ਅਸੀਂ ਆਪਣੇ ਆਲੇ—ਦੁਆਲੇ ਦੇ ਪਾਣੀਆਂ ਨੂੰ ਖਰਾਬ ਕਰ ਦਿੱਤਾ ਹੈ। ਜਿੱਥੇ ਇਕ ਪਾਸੇ ਮਨੁੱਖ ਵਾਤਾਵਰਣ ਦੀ ਗੱਲ ਕਰਦਾ ਹੈ, ਪਰ ਅਸਲ ਵਿਚ ਸਵੈ—ਕੇਂਦਰਿਤ ਲਾਲਚੀ ਮਨੁੱਖ ਆਪਣੇ ਸੁਆਰਥੀ ਮਨੋਰਥਾਂ ਦੀ ਪੂਰਤੀ ਲਈ ਗਾਂ ਅਤੇ ਧਰਤੀ ਨੂੰ ਨੁਕਸਾਨ ਪਹੁੰਚਾ ਰਿਹਾ ਹੈ।



ਚਿਤਰਕਾਰ ਸਿਧਾਰਥ ਦੀ ਪੇਂਟਿੰਗ ਸਮੁੰਦਰ ਮੰਥਨ ਵਿਚ ਉਸ ਪੌਰਾਣਿਕ ਕਥਾ ਨੂੰ ਦਰਸਾਇਆ ਗਿਆ ਹੈ, ਜਿਸ ਵਿਚ ਸਮੁੰਦਰ ਮੰਥਨ ਦੌਰਾਨ ਧਰਤੀ ਉੱਪਰ ਦਿਵਯ ਗਾਂ ਦੀ ਉਤਪਤੀ ਹੋਈ ਮੰਨੀ ਜਾਂਦੀ ਹੈ। ਭਾਰਤੀ ਗੋਵੇਸ਼ ਨੂੰ ਮਾਤਾ ਦਾ ਦਰਜਾ ਦਿੱਤਾ ਗਿਆ ਤੇ ਗੌਮਾਤਾ (ਗਊਮਾਤਾ) ਆਖਿਆ ਜਾਣ ਲੱਗਾ। ਗਾਂ ਦੇ ਦੁੱਧ ਨੂੰ ਅੰਮ੍ਰਿਤ ਸਮਾਨ ਜਾਣਿਆ ਜਾਣ ਲੱਗਾ ਤੇ ਘਰ ਦੀਆਂ ਇਸਤਰੀਆਂ ਵੱਲੋਂ ਬਣਾਈ ਗਈ ਸਭ ਤੋਂ ਪਹਿਲੀ ਰੋਟੀ ਉਸਨੂੰ ਦਿੱਤੀ ਜਾਣ ਲੱਗੀ। ਭਾਗਵਤ ਪੁਰਾਣ ਦੇ ਅਨੁਸਾਰ ਸਮੁੰਦਰ ਮੰਥਨ ਦੇ ਸਮੇਂ ਪੰਜ ਦੈਵੀ ਕਾਮਧੇਨੂ (ਨੰਦਾ, ਸੁਭਦਰਾ, ਸੁਰਭੀ, ਸੁਸ਼ੀਲਾ, ਬਹੁਲਾ) ਨਿਕਲੀ। ਕਾਮਧੇਨੂ ਬ੍ਰਹਮਾ ਦੁਆਰਾ ਲਈ ਗਈ। ਦੈਵੀ ਵੈਦਿਕ ਗਾਂ ਰਿਸ਼ੀ ਨੂੰ ਸੌਂਪੀ ਗਈ ਤਾਂ ਜੋ ਉਸਦੇ ਦਿਵਯ ਅੰਮ੍ਰਿਤ ਪੰਚਗਵਯ ਦਾ ਉਪਯੋਗ ਯਗ, ਅਧਿਆਤਮਕ ਅਨੁਸ਼ਠਾਨਾਂ ਤੇ ਸੰਪੂਰਨ ਮਾਨਵਤਾ ਦੇ ਕਲਿਆਣ ਲਈ ਕੀਤਾ ਜਾ ਸਕੇ।


ਭਾਰਤੀ ਪਰੰਪਰਾ ਵਿਚ ਕਾਮਧੇਨੂ ਗਊ ਮਾਤਾ ਹੈ ਜਿਸਨੂੰ ਸੁਰਭੀ ਦੇ ਤੌਰ 'ਤੇ ਵੀ ਜਾਣਿਆ ਜਾਂਦਾ ਹੈ। ਇਸਨੂੰ ਸਾਰੀਆਂ ਗਾਵਾਂ ਦੀ ਮਾਂ ਵਜੋਂ ਵੀ ਦਰਸਾਇਆ ਗਿਆ ਹੈ ਤੇ ਗਾਇਤਰੀ ਦੇ ਤੌਰ 'ਤੇ ਮੰਨਿਆ ਤੇ ਸਵਰਗੀ ਗਊ ਵਜੋਂ ਪੂਜਿਆ ਜਾਂਦਾ ਹੈ। ਮੂਰਤੀ ਵਿਗਿਆਨ ਵਿਚ ਜ਼ਿਆਦਾਤਰ ਇਕ ਸਫੈਦ ਗਊ ਵਜੋਂ ਪੇਸ਼ ਕੀਤਾ ਗਿਆ ਹੈ ਜਿਸ ਵਿਚ ਔਰਤ ਦਾ ਸਿਰ ਤੇ ਛਾਤੀਆਂ, ਪੰਛੀਆਂ ਦੇ ਖੰਭ, ਮੋਰ ਦੀ ਪੂਛ ਜਾਂ ਚਿੱਟੀ ਗਊ ਉਸਨੂੰ ਦਰਸਾਇਆ ਗਿਆ ਹੈ ਜਿਸਦੇ ਸਰੀਰ ਵਿਚ ਕਈ ਦੇਵਤੇ ਮੌਜੂਦ ਹਨ। ਮੈਤ੍ਰਿਕਾ ਦੇਵੀ, ਸਬਲਾ ਤੇ ਕਪਿਲਾ ਹੋਰ ਇਸ ਨਾਲ ਸੰਬੰਧਿਤ ਨਾਮ ਹਨ। ਮਹਾਂਭਾਰਤ ਤੇ ਸਕੰਦ ਪੁਰਾਣ ਆਦਿ ਵਿਚ ਇਸ ਨਾਲ ਸੰਬੰਧਿਤ ਹਵਾਲੇ ਮਿਲਦੇ ਹਨ। ਭਾਰਤ ਦੇ ਕੁੱਝ ਘਰਾਂ ਤੇ ਮੰਦਰਾਂ ਵਿਚ ਕਾਮਧੇਨੂ ਦੇ ਚਿਤਰ ਹਨ, ਜਿਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ ਪਰੰਤੂ ਉਸਦੀ ਕਿਸੇ ਸੁਤੰਤਰ ਦੇਵੀ ਵਜੋਂ ਪੂਜਾ ਜਾਂ ਉਸਨੂੰ ਸਮਰਪਿਤ ਕੋਈ ਪੂਜਾ ਪੰਥ ਜਾਂ ਮੰਦਿਰ ਨਹੀਂ ਜਿੱਥੇ ਉਸਨੂੰ ਮੁੱਖ ਦੇਵੀ ਵਜੋਂ ਪੂਜਿਆ ਜਾਂਦਾ ਹੋਵੇ।

'ਬਛੀਆ ਪੂਜਨਾ' ਸਿਧਾਰਥ ਦੀ ਇਕ ਭਾਵਨਾਤਮਕ ਪੇਂਟਿੰਗ ਹੈ। ਇਕ ਕੁਆਰੀ ਕੁੜੀ—ਬੱਚੇ ਦੀ ਇਕ ਜਵਾਨ ਵੱਛੇ ਨੂੰ ਫੜੀ ਹੋਈ, ਜੋ ਮੌਜ—ਮਸਤੀ ਕਰਨ ਵਾਲਿਆਂ ਦੇ ਇਕ ਸਮੂਹ ਦੁਆਰਾ ਘਿਰੀ ਹੈ, ਦੀ ਸ਼ਾਨਦਾਰ ਮਾਸੂਮੀਅਤ ਨੂੰ ਦਰਸਾਉਂਦੀ ਹੈ। ਇਹ ਚਿਤਰ ਮਥੁਰਾ ਦੇ ਨੇੜੇ ਇਕ ਪਿੰਡ ਵਿਚ ਸਮੇਂ ਤੇ ਸਥਾਨ 'ਤੇ ਸਥਿਤ ਹੈ ਇੱਥੇ ਹਰ ਸਾਲ ਗੋਵਰਧਨ ਦੇ ਦਿਨ, ਖੇਤਰ ਦੀ ਇਕ ਮੁਟਿਆਰ ਤੇ ਨਵ—ਜੰਮੇ ਵੱਛੇ ਦੀ ਉਤਸੁਕ ਭੀੜ ਵੱਲੋਂ ਪੂਜਾ ਕੀਤੀ ਜਾਂਦੀ ਹੈ।

ਰੰਗ ਤੇ ਟੋਨ 'ਤੇ ਸਿਧਾਰਥ ਜੀ ਦੀ ਵਿਸ਼ੇਸ਼ ਮੁਹਾਰਤ ਹੈ ਜੋ ਲੜਕੀ ਤੇ ਵੱਛੇ ਦੀ ਸ਼ਾਂਤ ਤੇ ਚਮਕਦਾਰ ਆਭਾ ਤੋਂ ਸਪੱਸ਼ਟ ਹੈ। ਉਹਨਾਂ ਦੇ ਆਲੇ—ਦੁਆਲੇ ਰੇਤ, ਧੂੜ, ਮੈਰੀਗੋਲਡ ਦੇ ਰੰਗ ਤੇ ਬਣਤਰ ਵਿਅਸਤ ਗਤੀ ਦੀ ਤਸਵੀਰ ਸਿਰਜ ਰਹੇ ਹਨ। ਸ਼ਰਧਾਲੂ ਆਸ਼ੀਰਵਾਦ ਪ੍ਰਾਪਤ ਕਰਨ ਲਈ ਇਸ ਡਰੇ ਹੋਏ ਵੱਛੇ ਦੇ ਹੇਠਾਂ

ਘੁੰਮਦੇ ਹਨ। ਸਥਿਤੀ ਦਾ ਵਿਅੰਗ ਇਹ ਹੈ ਕਿ ਕੁਆਰੀ ਕੁੜੀ ਤੇ ਨਵਜੰਮਿਆ ਵੱਛਾ ਦੋਵੇਂ ਹੀ ਸੰਭਾਵਨਾ ਦੇ ਪ੍ਰਤੀਕ ਹਨ। ਨਿਰਦੋਸ਼ਤਾ ਤੇ ਉਪਜਾਊ ਸ਼ਕਤੀ ਦੀ ਪਵਿੱਤਰਤਾ ਵਾਲੇ ਇਹਨਾਂ ਦੋਵਾਂ ਨੂੰ ਸਮਕਾਲੀ ਸਮਾਜ ਵਿਚ ਸ਼ਿਕਾਰ ਬਣਾਇਆ ਜਾਂਦਾ ਹੈ।

ਭਾਰਤ ਦੇ ਵੱਖ—ਵੱਖ ਹਿੱਸਿਆਂ ਵਿਚ ਗਊ ਪੂਜਾ ਕੀਤੀ ਜਾਂਦੀ ਹੈ ਤੇ ਇਸ ਨੂੰ ਤਿਉਹਾਰਾਂ ਦੇ ਮਾਧਿਅਮ ਰਾਹੀਂ ਮਨਾਇਆ ਜਾਂਦਾ ਹੈ। ਗੋਪਾਸ਼ਟਮੀ ਇਕ ਤਿਉਹਾਰ ਹੈ ਜੋ ਭਗਵਾਨ ਕ੍ਰਿਸ਼ਨ ਅਤੇ ਗਾਵਾਂ ਨੂੰ ਸਮਰਪਿਤ ਹੈ। ਇਹ ਆਉਣ ਵਾਲੇ ਯੁਗ ਦਾ ਜਸ਼ਨ ਹੈ ਜਦੋਂ ਕ੍ਰਿਸ਼ਨ ਦੇ ਪਿਤਾ, ਨੰਦਾ ਮਹਾਰਾਜ ਉਹਨਾਂ ਨੂੰ ਵਰਿੰਦਾਵਨ ਦੀਆਂ ਗਾਵਾਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਸੌਂਪਦੇ ਹਨ। ਇਸ ਮੌਕੇ ਨੰਦਗਾਉਂ ਵਿਚ ਪਹਿਲੀ ਵਾਰ ਗਊ ਚਰਾਉਣ ਜਾਣ ਸਮੇਂ ਭਗਵਾਨ ਕ੍ਰਿਸ਼ਨ ਤੇ ਭਰਾ ਬਲਰਾਮ ਲਈ ਇਕ ਸਮਾਰੋਹ ਆਯੋਜਿਤ ਕੀਤਾ ਗਿਆ। ਮਹਾਰਾਸ਼ਟਰ ਵਿਚ ਦੀਵਾਲੀ ਦੇ ਜਸ਼ਨਾਂ ਨੂੰ ਤਿਉਹਾਰ ਗੋਵਤਸ ਦਵਾਦਸ਼ੀ ਦਰਸਾਉਂਦਾ ਹੈ ਇਸਨੂੰ ਵਾਸੂ ਬਾਰਸ ਵਜੋਂ ਜਾਣਿਆ ਜਾਂਦਾ ਹੈ। ਇਸਨੂੰ ਨੰਦਿਨੀ ਵ੍ਰਤ ਵਜੋਂ ਵੀ ਮਨਾਇਆ ਜਾਂਦਾ ਹੈ। ਇਹ ਗਊਆਂ ਦਾ ਮਨੁੱਖੀ ਜੀਵਨ ਵਿਚ ਯੋਗਦਾਨ ਦੇਣ ਲਈ ਸ਼ੁਕਰਾਨੇ ਵਜੋਂ ਮਨਾਇਆ ਜਾਣ ਵਾਲਾ ਤਿਉਹਾਰ ਹੈ। ਗਾਵਾਂ ਤੇ ਵੱਛਿਆਂ ਦੀ ਪੂਜਾ ਕੀਤੀ ਜਾਂਦੀ ਹੈ ਤੇ ਉਹਨਾਂ ਨੂੰ ਕਣਕ ਦੀਆਂ ਵਸਤੂਆਂ ਖੁਆਈਆਂ ਜਾਂਦੀਆਂ ਹਨ। ਗੁਜਰਾਤ, ਆਂਧਰਾ ਪ੍ਰਦੇਸ਼ ਤੇ ਹੋਰ ਪ੍ਰਾਂਤਾਂ ਵਿਚ ਵੀ ਇਹ ਤਿਉਹਾਰ ਵੱਖੋ—ਵੱਖਰੇ ਤਰੀਕੇ ਨਾਲ ਮਨਾਉਂਦਿਆਂ ਹੋਇਆ ਲੋਕਾਂ ਨੂੰ ਪੌਸ਼ਟਿਕ ਦੁੱਧ ਪ੍ਰਦਾਨ ਕਰਨ ਵਾਲੀ ਪਵਿੱਤਰ ਮਾਂ ਰੂਪੀ ਗਾਂ ਨੂੰ ਕੱਪੜੇ ਪਹਿਨਾ, ਫੁੱਲਾਂ ਨਾਲ ਸਜਾ ਕੇ, ਮੱਥੇ 'ਤੇ ਸਿੰਦੂਰ/ਹਲਦੀ ਪਾਊਡਰ ਲਗਾ ਕੇ ਆਰਤੀ ਕੀਤੀ ਜਾਂਦੀ ਹੈ। ਪਵਿੱਤਰ ਗਊ ਨੰਦਿਨੀ ਦਾ ਪ੍ਰਤੀਕ ਹੈ, ਜੋ ਧਰਤੀ 'ਤੇ ਕਾਮਧੇਨੂ ਦੀ ਧੀ ਸੀ ਤੇ ਰਿਸ਼ੀ ਵਸ਼ਿਸ਼ਟ ਦੇ ਆਸ਼ਰਮ ਵਿਚ ਰਹਿੰਦੀ ਸੀ। ਔਰਤਾਂ ਆਪਣੇ ਬੱਚਿਆਂ ਦੀ ਤੰਦਰੁਸਤੀ ਲਈ ਨੰਦਿਨੀ ਵ੍ਰਤ ਰੱਖਦੀਆਂ ਹਨ ਤੇ ਸ਼੍ਰੀ ਕ੍ਰਿਸ਼ਨ ਦੇ ਗਊਆਂ ਲਈ ਪਿਆਰ ਤੇ ਉਹਨਾਂ ਦੇ ਦਾਨੀ ਹੋਣ ਦੀ ਉਸਤਤ ਕਰਦੇ ਗੀਤ ਵੀ ਗਾਉਂਦੇ ਹਨ। ਜਿਵੇਂ ਮੱਧ ਪ੍ਰਦੇਸ਼ ਵਿਚ ਗੋਵਰਧਨ ਪੂਜਾ ਸਮੇਂ ਗਾਏ ਜਾਣ ਵਾਲੇ ਗੀਤ ਆਦਿ।



'ਤੂੰ ਕਿੱਥੇ ਹੈਂ ਕ੍ਰਿਸ਼ਨ' ਵਿਚ ਅਸੀਂ ਦੇਖਦੇ ਹਾਂ ਕਿ ਸ਼ਾਮ ਢਲਣ ਦੇ ਸਮੇਂ, ਸੂਰਜ ਡੁੱਬਣ ਦੌਰਾਨ ਰੌਸ਼ਨੀ ਕਈ ਰੰਗ ਬਦਲ ਰਹੀ ਹੈ। ਆਪਣੇ ਰੈਣ ਬਸੇਰਿਆਂ ਵਿਚ ਵਾਪਿਸ ਆ ਰਹੀਆਂ ਗਾਵਾਂ ਵੱਲੋਂ ਉਡਾਏ ਗਏ ਧੂੜ ਦੇ ਕਣ ਵਾਤਾਵਰਣ ਵਿਚ ਮਿਲ ਕੇ ਉਦਾਸੀ ਤੇ ਰਹੱਸ ਦੇ ਭਾਵ ਪ੍ਰਗਟ ਕਰ ਰਹੇ ਹਨ। ਚਿਤਰ ਵਿਚ ਪਰੰਪਰਾਗਤ ਕਲਾ ਵਿਚ ਦਰਸਾਏ ਜਾਂਦੇ ਪੇਂਡੂ ਲੈਂਡਸਕੇਪ ਦਾ ਦ੍ਰਿਸ਼ ਜਿਸ ਵਿਚ ਗਾਵਾਂ ਦੇ ਝੁੰਡ ਨੂੰ ਦਰਸਾਇਆ ਜਾਂਦਾ ਹੈ, ਮਨਫ਼ੀ ਹੈ। ਇੱਥੇ ਰੁੱਖ, ਪੌਦੇ, ਪੰਛੀ, ਛੱਪੜ ਇੱਥੋਂ ਤਕ ਕਿ ਚਰਵਾਹਾ ਭਾਵ ਕ੍ਰਿਸ਼ਨ ਵੀ ਗਾਇਬ ਹੈ। ਚਿਤਰ ਵਿਚ ਇਸ ਤਰ੍ਹਾਂ ਵੀ ਅਨੁਭਵ ਹੁੰਦਾ ਹੈ ਜਿਵੇਂ ਸ਼ਾਇਦ ਕੋਈ ਤੂਫਾਨ ਆਉਣ ਦੀ ਸੰਭਾਵਨਾ ਹੈ ਜਿਸਦਾ ਆਭਾਸ ਗਾਵਾਂ ਨੂੰ ਪਹਿਲਾਂ ਹੀ ਹੋ ਚੁੱਕਾ ਹੈ। ਉਹਨਾਂ ਦੇ ਚਿਹਰੇ ਤੇ ਮੁਦਰਾਵਾਂ ਭਾਵੀ ਚੁਣੌਤੀ / ਖਤਰੇ ਦਾ ਸਾਹਮਣਾ ਕਰਨ ਲਈ ਤਿਆਰ ਹਨ, ਕੁੱਝ ਚਿੰਤਿਤ ਵੀ ਹਨ। ਇਸ ਭਾਵਨਾਤਮਕਤਾ ਨੂੰ ਦਰਸਾਉਣ ਲਈ ਸਿਧਾਰਥ ਜੀ ਨੇ ਗਾਵਾਂ ਨੂੰ ਗੂੜ੍ਹੇ ਰੰਗਾਂ ਵਿਚ ਪੇਂਟ ਕੀਤਾ ਹੈ। ਦਰਸ਼ਕ ਦੇ ਮਨ ਵਿਚ ਇਕ ਪਾਸੇ ਕ੍ਰਿਸ਼ਨ ਦੀ ਕਥਾ, ਗਾਵਾਂ ਤੇ ਇਸ ਨਾਲ ਸੰਬੰਧਿਤ ਪਸ਼ੂ—ਪੰਛੀਆਂ ਦੇ ਦ੍ਰਿਸ਼ ਇਕ ਪਲ ਲਈ ਆਉਂਦੇ ਹਨ ਪਰੰਤੂ ਜਲਦੀ ਹੀ ਖੰਡਿਤ ਹੋ ਜਾਂਦੇ ਹਨ। ਕਿਉਂਕਿ ਤਸਵੀਰ ਵਿਚ ਸਥਿਤੀ ਅਲੱਗ ਹੈ, ਘਾਹ ਦੇ ਮੈਦਾਨ ਕਿੱਥੇ ਹਨ? ਉਹ ਸ਼ਾਂਤਮਈ ਵਾਤਾਵਰਣ, ਹਮਦਰਦੀ ਕਿੱਥੇ ਹੈ? ਇੱਥੋਂ ਤੱਕ ਕਿ ਉਹਨਾਂ ਦਾ ਪਾਲਕ/ਰੱਖਿਅਕ ਕ੍ਰਿਸ਼ਨਾ ਕਿੱਥੇ ਹੈ?

ਸਿਧਾਰਥ ਜੀ ਦੇ ਚਿਤਰ 'Laughing Cow' ਦੇ ਅੰਤਰਗਤ ਅਸੀਂ ਦੇਖਦੇ ਹਾਂ ਕਿ ਇਕ ਪਾਸੇ ਤਾਂ ਪੁਰਾਤਤਵ ਕਾਮਧੇਨੂ ਗਊ ਹੈ, ਜਿਸਦੇ ਵੱਖੋ—ਵੱਖਰੇ ਹਿੱਸਿਆਂ/ਪਹਿਲੂਆਂ ਵਿਚ ਦੇਵਤੇ ਵਸੇ ਹੋਏ ਹਨ। ਇਸਦੇ

ਵਿਪਰੀਤ ਇਕ ਆਮ ਭਾਰਤੀ ਘਰੇਲੂ ਔਰਤ ਦੇ ਚਿਹਰੇ ਵਾਲੀ ਆਧੁਨਿਕ ਸਮੇਂ ਦੀ ਕਾਮਧੇਨੂ ਹੈ ਜੋ ਪਨੀਰ, ਡੇਅਰੀ, ਵਾਈਟਨਰ, ਦੁੱਧ ਤੇ ਘਿਉ ਦੇ ਬ੍ਰਾਂਡਾਂ ਦੇ ਕੋਲਾਜ ਦੇ ਰੂਪ ਵਿਚ ਆਧੁਨਿਕ ਭਾਰਤੀਆਂ ਤੱਕ ਪਹੁੰਚਣਯੋਗ ਹਨ। ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਇਸ ਚਿਤਰ ਵਿਚ ਕੌਣ ਕਿਸ ਉੱਪਰ ਹੱਸ ਰਿਹਾ ਹੈ? ਗਾਂ ਹੱਸ ਰਹੀ ਹੈ, ਕਿਉਂਕਿ ਆਧੁਨਿਕ ਈਕੋਸਿਸਟਮ ਜੀਵਨ ਚੱਕਰ ਵਿਚ ਯਕੀਨ ਬਣਾਉਂਦਾ ਹੈ। ਆਕਸੀਟੋਸਿਨ ਜਿਹੇ ਇੰਜੈਕਸ਼ਨ ਲਗਾ ਕੇ ਗਾਂ ਤੋਂ ਵਧੇਰੇ ਦੁੱਧ ਲੈਣ ਦਾ ਮਨੁੱਖੀ ਲਾਲਚ ਜਿੱਥੇ ਗਾਂ ਦੇ ਸਰੀਰ ਨੂੰ ਘਾਤਕ ਨੁਕਸਾਨ ਪਹੁੰਚਾਉਂਦਾ ਉੱਥੇ ਮਨੁੱਖ ਖੁਦ ਵੀ ਉਸ ਦੁੱਧ ਦੇ ਸੇਵਨ ਨਾਲ ਬਹੁਤ ਸਾਰੀਆਂ ਹਾਨੀਕਾਰਕ ਬੀਮਾਰੀਆਂ ਵਿਚ ਗ੍ਰਸਤ ਹੋ ਰਿਹਾ ਹੈ।

ਹੁਣ ਦੁਨੀਆ ਦੇ ਸਭ ਤੋਂ ਵੱਡੇ ਉਤਪਾਦਨ ਕੇਂਦਰ ਵਿਚ ਦੁੱਧ ਪਲਾਸਟਿਕ ਦੇ ਪੋਲੀਪੈਕ ਵਿਚ ਉਪਲਬਧ ਹੈ, ਯਸ਼ੋਧਰਾ ਨੂੰ ਹੁਣ ਮੱਖਣ ਰਿੜਕਣ ਦੀ ਜ਼ਰੂਰਤ ਨਹੀਂ, ਹੁਣ ਗੈਰ ਬ੍ਰਾਂਡਡ ਉਤਪਾਦਾਂ ਦੀ ਕੋਈ ਮਾਰਕਿਟ ਨਹੀਂ ਹੈ। ਅਤੀਤ ਨੂੰ ਮਿਟਾ ਦਿੱਤਾ ਗਿਆ ਹੈ ਤੇ ਗਾਂ ਹੁਣ ਇਕ ਬ੍ਰਾਂਡ ਹੈ। ਇਸਦੀ ਮਲਕੀਅਤ ਟ੍ਰੇਡਮਾਰਕਾਂ ਅਤੇ ਰਜਿਸਟਰੇਸ਼ਨਾਂ ਦੁਆਰਾ ਲਾਇਸੈਂਸ ਦੇਣ ਦੇ ਅਧੀਨ ਹੈ, ਅਜਿਹੇ ਸੰਦ੍ਰਿਸ਼ ਵਿਚ ਗਾਂ ਲਗਾਤਾਰ ਹੱਸ ਰਹੀ ਹੈ, ਗਹਿਰਾ ਕਟਾਖਸ਼ਮਈ ਹਾਸਾ। ਉਹ ਹੱਸ ਰਹੀ ਹੈ ਜਦੋਂ ਸਾਡੇ ਡਿਜ਼ਾਇਨਰ ਸਭ ਤੋਂ ਨਰਮ ਵੱਛੇ ਦੇ ਚਮੜੇ ਦੇ ਬੈਗ 'ਤੇ ਕੀਮਤ ਦਾ ਟੈਗ ਲਗਾਉਂਦੇ ਹਨ, ਦਰਦਨਾਕ ਕਟਾਖਸ਼ਮਈ ਹਾਸਾ। ਅਸੀਂ ਤਾਂ ਉਸਦੇ ਇਸ ਹਾਸੇ ਤੋਂ ਵੀ ਅਣਜਾਣ ਹਾਂ, ਇੰਝ ਲੱਗਦਾ ਹੈ ਜਿਵੇਂ ਉਹ ਮਨੁੱਖਜਾਤੀ ਦੇ ਹਨੇਰੇ ਭਵਿੱਖ ਤੇ ਸੰਸਾਰ ਨੂੰ ਦੇਖ ਰਹੀ ਹੋਵੇ ਤੇ ਹੱਸ ਰਹੀ ਹੋਵੇ। ਇਹ ਚਿਤਰ ਪ੍ਰਾਚੀਨ ਸਮੇਂ ਤੋਂ ਸ਼ਹਿਰੀ ਆਧੁਨਿਕ ਸੰਸਾਰ ਤਕ ਗਾਂ ਦੇ ਵਿਕਾਸ ਅਤੇ ਸਫ਼ਰ ਬਾਰੇ ਚਿਤਰਕਾਰ ਸਿਧਾਰਥ ਦੇ ਚਿੰਤਨੀ ਵਿਚਾਰਾਂ ਨੂੰ ਵਿਅੰਗਾਤਮਕ ਵਿਧੀ ਰਾਹੀਂ ਪ੍ਰਸਤੁਤ ਕਰ ਰਹੇ ਹਨ।



ਗੁਰੂ ਨਾਨਕ ਦੇਵ ਜੀ ਦੀ 'ਕਰਤਾਰਪੁਰ' ਨਾਲ ਸੰਬੰਧਿਤ ਪੇਂਟਿੰਗ ਵਿਚ ਹਰੇ—ਭਰੇ ਖੇਤਾਂ ਵਿਚ ਤੇ ਫਲਾਂ ਨਾਲ ਭਰੇ ਦਰੱਖਤਾਂ ਦੀ ਸ਼ਾਂਤ ਛਾਂ ਹੇਠਾਂ ਪੰਛੀਆਂ ਦੀ ਚਹਿਲ—ਪਹਿਲ ਤੇ ਗਾਵਾਂ ਚਰਾਉਂਦੇ ਹੋਏ, ਵਿਸਮਾਦ ਤੇ ਆਰਾਮ ਦੀ ਮੁਦਰਾ ਵਿਚ ਗੁਰੂ ਜੀ ਦਿਖਾਈ ਦਿੰਦੇ ਹਨ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂ ਪ੍ਰਤੀਕਾਤਮਕ ਰੂਪ ਵਿਚ ਬੀਜ ਪਾਉਣ ਤੋਂ ਬਾਅਦ ਪਾਣੀ ਲਗਾਉਣ, ਹਲ ਵਾਹੁਣ ਦੀ ਪ੍ਰਕਿਰਿਆ ਉਪਰੰਤ ਉਹ ਗਹਿਨ ਸਬਰ ਤੇ ਧੀਰਜ ਨਾਲ ਫਸਲਾਂ ਦੇ ਪੱਕਣ ਦੇ ਕੁਦਰਤੀ ਵਰਤਾਰੇ ਨੂੰ ਨਿਹਾਰ ਰਹੇ ਹੋਣ। ਰੂਹਾਨੀਅਤ, ਸਕੂਨ ਤੇ ਖ਼ੁਸ਼ੀ ਦੇ ਭਾਵ ਗੁਰੂ ਜੀ ਦੇ ਚਿਹਰੇ ਉੱਪਰ ਹਨ। ਦੂਸਰੀ ਪੇਂਟਿੰਗ ਵਿਚ ਦਿਖਾਇਆ ਗਿਆ ਪੈਟਰਨ ਮਨੁੱਖੀ ਵਿਕਾਸ ਨੂੰ ਚਿਤਰਿਤ ਕਰਦਾ ਹੈ, ਜਿਸ ਵਿਚ ਹਲ ਵਾਹੁਣਾ ਉਹ ਪਹਿਲੀ ਤਕਨੀਕੀ ਨਵੀਨਤਾ ਹੈ ਜੋ ਮਨੁੱਖੀ ਸਭਿਅਤਾ ਦੇ ਆਰੰਭ ਨੂੰ ਦਰਸਾਉਂਦੀ ਹੈ। ਚਿਤਰ ਵਿਚ ਹਲ ਬਾਹਰੀ ਘੇਰੇ ਦੇ ਇਕ ਬਿੰਦੂ ਤੋਂ ਸ਼ੁਰੂ ਹੋ ਕੇ, ਹੌਲੀ—ਹੌਲੀ ਆਇਤਾਕਾਰ ਪਗਡੰਡੀਆਂ ਬਣਾਉਂਦੇ ਹੋਏ ਕੇਂਦਰ ਵੱਲ ਵਧਦਾ ਹੈ, ਇਸ ਕੇਂਦਰ ਤਕ ਪਹੁੰਚਣ ਲਈ ਕਿਸਾਨ ਆਪਣੇ ਖੇਤਾਂ ਨੂੰ ਵਾਹੁੰਦਾ ਹੈ, ਇੱਥੋਂ ਦੁਬਾਰਾ ਸ਼ੁਰੂ ਕਰਨ ਤੋਂ ਪਹਿਲਾਂ ਮਿੱਟੀ ਜਾਂ ਮਾਟੀ ਮੰਦਰ ਬਣ ਜਾਂਦਾ ਹੈ, ਤੇ ਇਸ ਵਾਰੀ ਬੀਜ ਲਗਾਉਣ ਲਈ ਉਲਟ ਦਿਸ਼ਾ ਵਿਚ ਭਾਵ ਅੰਦਰੂਨੀ ਤੋਂ ਬਾਹਰੀ ਸਪੇਸ ਤਕ ਵਧਦਾ ਹੈ। ਇਸ ਪਿੱਛੇ ਦਾ ਤਰਕ ਇਹ ਹੈ ਕਿ ਕੋਈ ਬਾਹਰ ਜਾਂ ਪਿੱਛੇ ਜਾਣ ਸਮੇਂ ਬੀਜਾਂ ਨੂੰ ਮਿੱਧੇ ਨਹੀਂ। ਪ੍ਰਤੀਕਾਤਮਕ ਪੱਧਰ 'ਤੇ ਨਿਰਮਾਣ ਤੇ ਵਿਨਾਸ਼ ਦੀ ਇਹ ਪ੍ਰਕਿਰਿਆ ਜੀਵਨ ਦੇ ਚੱਕਰ ਨੂੰ ਵੀ ਬਾਖ਼ੂਬੀ ਦਰਸਾਉਂਦੀ ਹੈ।



ਸਿਧਾਰਥ ਜੀ ਦੀ ਪੇਂਟਿੰਗ ਕਲਿਯੁਗ ਦੇ ਹਵਾਲੇ ਨਾਲ ਚਰਚਾ ਕਰੀਏ ਤਾਂ ਇਸ ਯੁੱਗ ਵਿਚ ਪੈਸੇ ਦੀ ਪ੍ਰਧਾਨਤਾ ਤੇ ਮੁਕਾਬਲੇ ਦੀ ਦੌੜ ਹੈ। ਸ਼ਿਵ ਪੁਰਾਣ ਅਨੁਸਾਰ ਇਸ ਸਮੇਂ ਵਿਚ ਵੀ ਗਾਵਾਂ, ਵਿਸ਼ੇਸ਼ ਤੌਰ 'ਤੇ ਮਨੁੱਖ

ਕੋਲੋਂ ਬਹੁਤ ਦੁੱਖ ਝੱਲਦੀਆਂ ਹਨ, ਇਸ ਨੇਕ ਤੇ ਦਾਤੇ ਜਾਨਵਰ ਨੂੰ ਖਾਣ ਤੋਂ ਵੀ ਮਹਿਰੂਮ ਰੱਖਕੇ ਫਿਰਨ ਲਈ ਛੱਡ ਦਿੱਤਾ ਜਾਂਦਾ ਹੈ। ਕਲਿਯੁਗ ਵਿਚ ਗਾਵਾਂ ਦੁਖੀ ਹੋਣਗੀਆਂ, ਪੁਰਾਣੇ ਯੁਗਾਂ ਵਿਚ ਉਹਨਾਂ ਪ੍ਰਤਿ ਅਪਨਾਇਆ ਜਾਂਦਾ ਪਿਆਰ, ਮੋਹ—ਭਾਵ, ਸਤਿਕਾਰ ਤੇ ਦੇਖਭਾਲ ਇਸ ਸਮੇਂ ਲੋਪ ਹੋ ਜਾਵੇਗੀ। ਪੌਰਾਣਿਕ ਸਾਹਿਤ ਅਨੁਸਾਰ ਸਤਿਯੁਗ ਵਿਚ ਹੁਕਮ ਦੀ ਗਾਂ ਚਾਰ ਪੈਰਾਂ ਭਾਵ ਸਤਿ, ਧਿਆਨ, ਧਰਮ ਅਤੇ ਆਰੀਆਮਨ ਉੱਪਰ ਖੜੀ ਸੀ। ਤ੍ਰੇਤਾ ਯੁਗ ਵਿਚ ਸਤਿ ਦੀ ਲੱਤ ਸਭ ਤੋਂ ਪਹਿਲਾਂ ਚਲੀ ਗਈ, ਫਿਰ ਦੁਆਪਰ ਵਿਚ ਧਰਮ ਤੇ ਆਰੀਆਮਨ ਨੂੰ ਛੱਡ ਕੇ ਲੋਪ ਹੋ ਗਏ, ਅੰਤ ਕਲਯੁਗ ਵਿਚ ਗਾਂ ਨੂੰ ਇਕ ਹੀ ਲੱਤ ਸਿਰਫ਼ ਧਰਮ 'ਤੇ ਆਧਾਰਿਤ ਹੀ ਛੱਡ ਦਿੱਤਾ ਗਿਆ। ਇਹੀ ਕਹਾਣੀ ਮਨੁੱਖ ਜਾਤੀ ਦੇ ਵਿਕਾਸ ਨਾਲ ਵੀ ਸੰਬੰਧਿਤ ਹੈ। ਸਤਿਯੁਗ ਵਿਚ ਮਨੁੱਖ ਦੇ ਕੁਦਰਤ ਨਾਲ ਸਿਹਤਮੰਦ ਤੇ ਸੰਤੁਲਿਤ ਰਿਸ਼ਤੇ ਨਾਲ ਜਿੱਥੇ ਧਰਮ ਦੇ ਸਿਧਾਂਤਾਂ ਦੀ ਪਾਲਣਾ ਕੀਤੀ ਗਈ ਸੀ, ਉਹ ਧਿਆਨ ਅਵਸਥਾ ਵਿਚ ਵਿਸ਼ਵਾਸ ਰੱਖਦਾ ਸੀ, ਯੁੱਗ ਬਦਲਣ ਨਾਲ ਕਦਰਾਂ—ਕੀਮਤਾਂ ਵਿਚ ਗਿਰਾਵਟ ਤੇ ਕਰਮ ਕਾਂਡਾਂ ਵਿਚ ਵਾਧਾ ਹੁੰਦਾ ਗਿਆ ਤੇ ਮਨੁੱਖ ਦੁੱਖ ਦੀ ਸਥਿਤੀ ਵਿਚ ਘਿਰ ਗਿਆ। ਕਲਯੁਗ ਵਿਚ ਹੁਣ ਗਾਂ ਨੂੰ ਸੰਤੁਲਿਤ ਕਰਨ ਲਈ ਹੋਰ ਤਿੰਨ ਲੱਤਾਂ ਦੀ ਵਾਪਸੀ ਦੀ ਜ਼ਰੂਰਤ ਹੈ। ਸਤਿ ਤੇ ਧਿਆਨ ਦੀ ਸ਼ਕਤੀ ਨਾਲ ਇਹ ਵਾਪਸੀ ਸੰਭਵ ਹੋ ਸਕਦੀ ਹੈ।



Kaliyuga · 48" x 68" · Silver leaf and natural pigments on canvas

ਆਪਣੀ ਇਸ ਚਰਚਾ ਨੂੰ ਸਮੇਟਦਿਆਂ ਕਿਹਾ ਜਾ ਸਕਦਾ ਹੈ ਕਿ ਸਿਧਾਰਥ ਜੀ ਦੁਆਰਾ ਬਣਾਏ ਇਹ ਚਿਤਰ ਰੂਪੀ ਪ੍ਰਵਚਨ ਗਊ 'ਤੇ ਕੇਂਦਰਿਤ ਹੁੰਦੇ ਹੋਏ ਅਲੰਕਾਰਿਕ ਤੇ ਦ੍ਰਿਸ਼ਟੀਗਤ ਰੂਪ ਵਿਚ ਸਿਰਜਨਾ ਕਰਦੇ ਹਨ। ਇਸ ਵਿਚ ਪਦਾਰਥਵਾਦ ਨਾਲ ਸੰਵਾਦ ਜਿਸਨੂੰ ਵਾਤਾਵਰਣ ਵਿਗਿਆਨ ਵਜੋਂ ਵੀ ਸਮਝਿਆ ਜਾਂਦਾ ਹੈ, ਸਭ ਤੋਂ ਸਥਾਈ ਹੈ ਤੇ ਜੋ ਚਿਤਰਾਂ ਵਿਚ ਮੈਟਾ ਟੈਕਸਟ ਬਣ ਜਾਂਦਾ ਹੈ। ਉਪਭੋਗਤਾਵਾਦ ਦੀ ਪਦਾਰਥਕਤਾ, ਉੱਤਰ—ਆਧੁਨਿਕ ਵਰਤਮਾਨ ਤੇ ਭਵਿੱਖ ਦੀ ਅਨਿਸ਼ਚਿਤਤਾ। ਇਹਨਾਂ ਪਰਸਪਰ ਕ੍ਰਿਆਵਾਂ, ਅਰਥਾਂ ਤੇ Iconographies ਦਾ ਇਕ ਨਵਾਂ ਸਮੂਹ ਉਭਰਦਾ ਹੈ ਜੋ ਕਿ ਸਿਧਾਰਥ ਦੇ ਮੋਟਿਫਾਂ, ਪ੍ਰਤੀਕਾਂ, ਬਿੰਬਾਂ ਦੀ ਸ਼ਬਦਾਵਲੀ ਵਿਚ ਮੌਜੂਦ ਹੈ। ਪਰੰਪਰਾ ਦੇ ਨਾਲ ਉਸਦਾ ਇਹ ਕਲਾਤਮਕ ਸੰਵਾਦ ਨਿਸਚੈ ਹੀ ਬੇਮਿਸਾਲ ਹੈ।

———

(' All images of paintings received privately from the artist Sidharth.)